**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210009 --:-- Research Article

# ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿੱਚ ਮਲਵਈ ਸੱਭਿਆਚਾਰ

**ਨਵਦੀਪ ਕੌਰ**
ਪੀਐਚ. ਡੀ., ਵਿਭਾਗ – ਪੰਜਾਬੀ, ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

ਮਾਲਵਾ ਪੰਜਾਬ ਦਾ ਇੱਕ ਵਿਸ਼ੇਸ਼ ਖਿੱਤਾ ਹੈ ਜਿਸਦਾ ਆਪਣਾ ਨਿਵੇਕਲਾ ਸੱਭਿਆਚਾਰ ਹੈ ਜਿਸ ਨੂੰ ਮਲਵਈ ਸੱਭਿਆਚਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਲਵੇ ਦੇ ਲੋਕਾਂ ਦਾ ਆਪਣਾ ਰਹਿਣ-ਸਹਿਣ, ਖਾਣ-ਪੀਣ, ਵਰਤੋਂ ਵਿਹਾਰ ਦਾ ਢੰਗ, ਮੇਲੇ, ਤਿਉਹਾਰ, ਰਸਮ-ਰਿਵਾਜ ਅਤੇ ਵਹਿਮ-ਭਰਮ ਹਨ। ਇਨ੍ਹਾਂ ਸੱਭਿਆਚਾਰਕ ਪਛਾਣ ਚਿੰਨ੍ਹਾਂ ਕਰਕੇ ਹੀ ਮਲਵਈ ਸਭਿਆਚਾਰ ਹੋਰ ਦੂਜੇ ਸਭਿਆਚਾਰਾਂ ਨਾਲੋਂ ਆਪਣੀ ਵੱਖਰੀ ਪਹਿਚਾਣ ਬਣਾ ਸਕਿਆ ਹੈ। ਇਨ੍ਹਾਂ ਸਭਿਆਚਾਰਕ ਪਛਾਣ ਚਿੰਨ੍ਹਾਂ ਨੂੰ ਹੀ ਆਧਾਰ ਬਣਾ ਕੇ ਗਾਸੋ ਦੇ ਨਾਵਲਾਂ ਵਿਚ ਮਲਵਈ ਸਭਿਆਚਾਰ ਦਾ ਅਧਿਐਨ ਕੀਤਾ ਹੈ।

ਓਮ ਪ੍ਰਕਾਸ਼ ਗਾਸੋ ਪੰਜਾਬੀ ਸਾਹਿਤ ਦਾ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਸਾਹਿਤਕਾਰ ਹੈ। ਗਾਸੋ ਦਾ ਸਮੁੱਚਾ ਜੀਵਨ ਅਨੁਭਵ ਮਾਲਵੇ ਖਿੱਤੇ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਹੈ ਇਸ ਲਈ ਉਸਦੇ ਨਾਵਲਾਂ ਵਿਚ ਮਾਲਵੇ ਦੇ ਲੋਕਾਂ ਦੀ ਸੱਚੀ ਸੁੱਚੀ ਤਸਵੀਰ ਵੇਖਣ ਨੂੰ ਮਿਲਦੀ ਹੈ। ਉਸਨੇ ਆਪਣੇ ਨਾਵਲਾਂ ਵਿਚ ਜਿਹੜੇ ਪਾਤਰ ਸਿਰਜੇ ਹਨ, ਉਹ ਮਲਵਈ ਸਭਿਆਚਾਰ ਚੋਂ ਹੀ ਲਏ ਗਏ ਹਨ। ਉਸ ਦੇ ਸਾਰੇ ਹੀ ਪਾਤਰ ਚਾਹੇ ਪੇਂਡੂ ਹੋਣ ਜਾਂ ਸ਼ਹਿਰੀ, ਪੜ੍ਹੇ ਲਿਖੇ ਹੋਣ ਜਾਂ ਅਨਪੜ੍ਹ ਮਲਵਈ ਭਾਸ਼ਾ ਹੀ ਉਚਾਰਦੇ ਹਨ। ਉਸਦੇ ਨਾਵਲਾਂ ਵਿੱਚ ਮਲਵਈ ਲੋਕਾਂ ਦੇ ਰੀਤੀ ਰਿਵਾਜਾਂ, ਕਾਰ ਵਿਹਾਰਾਂ, ਪਹਿਰਾਵੇ, ਕੰਮ-ਧੰਦਿਆਂ ਅਤੇ ਧਰਮ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਮਲਵਈ ਸਭਿਆਚਾਰ ਵਿਚ ਕੁਝ ਵਿਸ਼ੇਸ਼ ਪਾਤਰ ਹੁੰਦੇ ਹਨ ਜਿਵੇਂ ਅਮਲੀ, ਵੈਲੀ। ਮਾਲਵੇ ਵਿਚ ਕਿਸੇ ਵੀ ਪਿੰਡ ਦਾ ਅਮਲੀ ਅਤੇ ਵੈਲੀ ਤੋਂ ਵਗੈਰ ਜ਼ਿਗਰ ਨਹੀਂ ਕੀਤਾ ਜਾ ਸਕਦਾ। ਗਾਸੋ ਨੇ ਵੀ ਇਹਨਾਂ ਪਾਤਰਾਂ ਦਾ ਚਿਤਰਣ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਹੀ ਮਲਵਈ ਸਭਿਆਚਾਰ ਦਾ ਇਕ ਉਘੜਵਾਂ ਪੱਖ ਇਹ ਹੈ ਕਿ ਇਥੇ ਕਿਸੇ ਇਕ ਮੁੰਡੇ ਦੇ ਵਿਆਹੇ ਜਾਣ ਤੇ ਉਸਦੇ ਸਾਰੇ ਭਰਾਵਾਂ ਨੂੰ ਵਿਆਹੇ ਸਮਝ ਲਿਆ ਜਾਂਦਾ ਹੈ।

ਗਾਸੋ ਦੇ ਨਾਵਲ 'ਸੁਪਨੇ ਤੇ ਸੰਸਕਾਰ` ਵਿਚ ਮਨੁੱਖੀ ਸੁਪਨੇ ਤੇ ਸੰਸਕਾਰ ਦੇ ਵਿਰੋਧੀ ਜੁੱਟ ਰਾਹੀਂ ਲੇਖਕ ਨੇ ਅਤੀਤ ਤੇ ਭਵਿੱਖ ਦੇ ਟਕਰਾਅ ਨੂੰ ਨਾਵਲੀ ਕਥਾ ਵਿੱਚ ਰੂਪਮਾਨ ਕੀਤਾ ਹੈ। ਇਸ ਨਾਵਲ ਵਿੱਚ ਲੇਖਕ ਨੇ ਲੋਕਯਾਨਿਕ ਮੁਹਾਵਰੇ ਨੂੰ ਗਲਪੀ ਕਥਾ ਵਿੱਚ ਥਾਂ-ਥਾਂ ਦ੍ਰਿਸ਼ਟੀਗੋਚਰ ਕੀਤਾ ਹੈ।

ਮਲਵਈ ਸੱਭਿਆਚਾਰ ਵਿੱਚ ਪੰਡਤਾਂ ਦੇ ਮੰਗਣ ਦਾ ਇਹ ਕਾਰਜ ਸਰਵ ਪ੍ਰਵਾਨਤ ਹੈ। ਪੰਡਤ ਨੂੰ ਪੇਂਡੂ ਰਹਿਤਲ ਵਿੱਚ ਮੰਗ ਕੇ ਖਾਣ ਦਾ ਇਹ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਇਸ ਨਾਵਲ ਵਿੱਚ ਪੰਡਤਾਂ ਦੇ ਮੁੰਡੇ ਵੱਲੋਂ ਪਿੰਡ ਵਿੱਚ ਮੰਗਣ ਦੀ ਪਰੰਪਰਾ ਨੂੰ ਲੇਖਕ ਨੇ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ :

"ਜੇਠ ਦੀਆਂ ਤਪਦੀਆਂ ਗਰਮੀਆਂ ਵਿੱਚ ਨੰਗੇ ਪੈਰੀ ਨੰਗੇ ਸਿਰ, ਤਪਦੀ ਲੁੱਕ ਵਾਲੀ ਸੜਕ ਉੱਤੇ ਲਾਲ ਜਿਹੇ ਅਗੋਛੇ ਨਾਲ ਅੱਧ ਢਕੀ ਥਾਲੀ ਚੁੱਕੀ ਇਕ ਪੰਡਤਾਂ ਦਾ ਮੁੰਡਾ ਤੁਰਿਆ ਜਾਂਦਾ ਦਿਸਦਾ ਇਸ ਚੁਬਾਰੇ ਦੀ ਪੌੜੀ ਚੜ੍ਹ ਗਿਆ ਕਦੇ ਉਸ ਘਰ ਵਿੱਚ ਜਾ ਪੁੱਜਿਆ। ਕਦੇ ਅਗਲੇ ਚੁਬਾਰੇ ਦਾ ਬੂਹਾ ਖੜਕਾ ਦਿੱਤਾ, ਰੋਟੀਆਂ ਅੱਸਰਤਾਈ ਦੀਆਂ ਰੋਟੀਆਂ, ਮਹਾਂਜਨਾਂ ਦੇ ਘਰਾਂ `ਚੋ ਫਰਵਾਹੀ ਵਾਲੇ ਬਾਜ਼ਾਰ ਵਿੱਚ ਮੰਗਦਾ ਰਹਿੰਦਾ, ਜਦ ਵੀ ਉਸਦੀ ਮਾਂ ਕਦੇ ਸੱਜੇ ਖੱਬੇ ਗਈ ਹੁੰਦੀ ਜਾਂ ਐਤਵਾਰ ਹੁੰਦਾ। ਉਸ ਅੰਦਰ ਲਾਲਚ ਜਾਗ ਉੱਠਦਾ ਪੈਸੇ ਦੋ ਪੈਸੇ ਕਦੇ ਕਦਾਈ ਅੱਸਰਤਾਈ ਦੀਆਂ ਰੋਟੀਆਂ ਵਿੱਚੋਂ ਮਿਲ ਜਾਂਦੇ ਤਾਂ ਕੋਈ ਲੱਡੂ ਪਤਾਸਾ ਜਾਂ ਮਾਤਾ ਰਾਣੀ ਦੇ ਗੁਲਗੁਲੇ, ਮਿੱਠੇ ਪੂੜੇ ਆਦਿ ਦਾ ਉਸਨੂੰ ਲਾਲਚ ਬਣਿਆ ਰਹਿੰਦਾ। ਇੰਝ ਉਹ ਸੱਤਵੀਂ ਵਿੱਚ ਪੜ੍ਹਦਾ, ਪੰਡਤਾਂ ਦਾ ਮੁੰਡਾ ਮੰਗਣ ਦੀ ਰੱਟ ਵੀ ਲਾ ਲੈਂਦਾ।"1

ਇਸ ਤਰ੍ਹਾਂ 'ਕੱਪੜਵਾਸ` ਨਾਵਲ ਵਿੱਚ ਗਾਸੋ ਨੇ ਸਮਾਜਿਕ ਅਨਿਆਂ ਤੇ ਜਿਨਸੀ ਅੱਤਿਆਚਾਰ ਲਈ ਪੇਸ਼ਕਾਰੀ ਕੀਤੀ ਹੈ। ਮਾਲਵੇ ਦੇ ਪਿੰਡਾਂ ਵਿੱਚ 'ਮਾਹੀਆ` ਗਾਉਣ ਦਾ ਰਿਵਾਜ ਆਮ ਹੀ ਹੈ।

"ਵੱਡੇ ਰੇਲਵੇ ਪੁਲ ਹੇਠ ਦੀਆਂ ਕਿੰਨੀਆਂ ਗੱਡੀਆਂ ਆਉਂਦੀਆਂ ਸਨ, ਕਿੰਨੀਆਂ ਜਾਂਦੀਆਂ ਸਨ, ਕਿੰਨੇ ਵਰ੍ਹਿਆਂ ਤੋਂ ਆਵਾਜਾਈ ਤੁਰਦੀ ਜਾ ਰਹੀ ਸੀ। ਇੱਕ ਵੱਡੀ ਸਾਰੀ ਉਚਾਣ ਤੇ ਚੜ੍ਹਦੀਆਂ ਉਤਰਦੀਆਂ ਕਾਰਾਂ, ਬੱਸਾਂ, ਟਾਂਗਿਆਂ, ਸਕੂਟਰਾਂ ਦੀ ਇੱਕ ਲੰਮੀ ਯਾਦ ਉਸਦੇ ਨੈਣਾਂ `ਚ

ਰੋੜ ਬਣ ਰੜਕਦੀ ਰਹੀ। ਉਹ ਵੀ ਦਿਨ ਸਨ ਜਦੋਂ ਉਸਦੀ ਘਰਵਾਲੀ 'ਮਾਹੀਆ' ਸੁਣਾਉਂਦੀ ਸੀ। ਕਿੰਨਾ ਮਿੱਠਾ ਮਾਹੀਆ ਉਸਦੇ ਬੋਲ ਮਾਖਿਓ ਮਿੱਠੇ ਸਨ।"2

'ਕੱਪੜਵਾਸ' ਵਿਚ ਗਲਪੀ ਕਥਾਨਕ ਦੀ ਸਾਰੀ ਯਾਤਰਾ ਵਿਸ਼ੇਸ਼ ਸਮਾਨਯ ਵੱਲ ਹੁੰਦੀ ਹੈ। ਸਾਮੂਹਿਕਤਾ ਦਾ ਸੰਕਲਪ 'ਆਸ ਅੱਥਰੂ' ਅਤੇ 'ਪੰਚਨਾਦ' ਵਿੱਚ ਵਧੇਰੇ ਤੀਖਣ ਰੂਪ ਵਿੱਚ ਉਭਾਰਦਾ ਹੈ। ਜਿੱਥੇ ਪਾਖਰ ਆਪਣੀ ਘਰਵਾਲੀ ਦੀ ਪਤ ਲੁੱਟਣ ਕਾਰਨ ਪਿੰਡ ਦੇ ਹੀ ਧੂਹੇ ਸਰਦਾਰ ਨੂੰ ਗੋਲੀ ਮਾਰ ਕੇ ਨਾਵਲ ਦੇ ਅੰਤ ਤੇ ਖੁਦ ਪੁਲਿਸ ਕੋਲ ਪੇਸ਼ ਹੋ ਜਾਂਦਾ ਹੈ। ਮਲਵਈ ਸਭਿਆਚਾਰ ਵਿੱਚ ਇੱਜਤ ਤੇ ਅਣਖ ਦੀ ਖ਼ਾਤਰ ਮੌਤ ਨੂੰ ਟਿੱਚ ਜਾਨਣ ਦਾ ਸੰਕਲਪ ਬਹੁਤ ਹੀ ਸਟੀਕ ਸੰਕਲਪ ਮੰਨਿਆ ਜਾਂਦਾ ਹੈ। ਫੌਜ ਵਿੱਚ ਗਏ ਫੌਜੀ ਪਾਖਰ ਨੂੰ ਜਦੋਂ ਉਸਦੀ ਘਰਵਾਲੀ ਜਿਉਣੀ ਅਤੇ ਸਰਦਾਰ ਧੂਹੇ ਦੇ ਜਿਨਸੀ ਸੰਬੰਧਾਂ ਦਾ ਪਤਾ ਲੱਗਦਾ ਹੈ ਤਾਂ ਪਹਿਲਾਂ ਉਹ ਜਿਉਣੀ ਨੂੰ ਮਾਰਨ ਦਾ ਨਿਸ਼ਚਾ ਕਰਦਾ ਹੈ ਪਰ ਫਿਰ ਅਸਲ ਗੱਲ ਪਤਾ ਲੱਗਣ ਤੇ ਉਹ ਧੂਹੇ ਨੂੰ ਗੋਲੀ ਮਾਰਦਾ ਹੈ। ਲੇਖਕ ਇੱਥੇ ਇਸ ਸੰਕਲਪ ਨੂੰ ਮਲਵਈ ਸਭਿਆਚਾਰ ਦੇ ਪਰਿਪੇਖ ਵਿੱਚ ਭੁਗਤਾ ਦਿੰਦਾ ਹੈ :

"ਧੂਹੇ ਸਰਦਾਰ ਦੀ ਲੋਥ ਧਰਤੀ ਤੇ ਪਾਥੀਆਂ ਉੱਪਰ ਸ਼ਾਇਦ ਜਿਉਣੀ ਦੇ ਵਾੜੇ `ਚ ਹੀ ਪਈ ਸੀ। ਲੋਕਾਂ ਨੇ ਆਪਣਾ ਸੁਰ ਅਲਾਪਣਾ ਸ਼ੁਰੂ ਕਰ ਦਿੱਤਾ। ਬਈ ਪਾਪ ਕੀਤੇ ਕਾਨੂੰ ਆਲੇ ਜਾਂਦੇ ਨੇ ਆਹ ਪਿਐ ਪੁੱਤਰ ਮੇਰਾ ਚਿੱਤ ਕੌਡੇ ਵਾਂਗੂੰ ਚਿੱਤ ਕੀਤਾ ਗਰੀਬਾਂ ਦੀ ਆਹ ਮਾਰ ਜਾਂਦੀ ਹੈ।"3

ਗਾਸੋ ਨੇ ਆਪਣੇ ਨਾਵਲਾਂ ਵਿੱਚ ਮਲਵਈ ਸਭਿਆਚਾਰ ਵਿੱਚ ਵਾਪਰਦੀ ਇਸਤਰੀ ਦੀ ਮਾਨਸਿਕ ਤ੍ਰਾਸਦੀ ਨੂੰ ਬੜੇ ਹੀ ਸੁਚੱਜੇ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਮਲਵਈ ਸਭਿਆਚਾਰ ਵਿੱਚ ਇਸਤਰੀ ਆਰਥਿਕ ਪੱਖੋਂ ਮਰਦ ਉੱਤੇ ਨਿਰਭਰ ਹੋਣ ਕਰਕੇ ਉਹ ਮਰਦ ਦੇ ਹਰ ਜਾਇਜ਼-ਨਜਾਇਜ਼ ਹਰ ਪ੍ਰਕਾਰ ਦੇ ਦਬਾਉ ਅਧੀਨ ਜਿਉਣ ਲਈ ਮਜਬੂਰ ਹੈ। ਮਲਵਈ ਸਭਿਆਚਾਰ ਵਿੱਚ ਇਸਤਰੀ ਨੂੰ ਇਕ ਜਾਇਦਾਦ ਦੇ ਤੌਰ ਤੇ ਵਰਤਿਆ ਜਾਂਦਾ ਹੈ। ਉਸ ਨੂੰ ਜਿਨਸ ਦੀ ਤਰ੍ਹਾਂ ਵੇਚਿਆ ਜਾ ਸਕਦਾ ਹੈ। ਇਸਤਰੀ ਨੂੰ ਵੇਚਣ ਦੀ ਪ੍ਰਵਿਰਤੀ ਪੁਰਾਣੇ ਸਮਿਆਂ ਤੋਂ ਹੀ ਚੱਲੀ ਆ ਰਹੀ ਹੈ। 'ਪੰਚਨਾਦ' ਨਾਵਲ ਵਿੱਚ ਰੇਸ਼ਮਾ ਨੂੰ ਉਸਦੇ ਭਰਾਵਾਂ ਤੇ ਭਾਬੀਆਂ ਨੇ ਰਲ ਕੇ ਬਚਨੇ ਨੂੰ ਵੇਚ ਦਿੱਤਾ ਸੀ। ਰੇਸ਼ਮਾ ਨੂੰ ਖ਼ੁਸ਼ੀ ਗਮੀ ਵਿੱਚ ਬਚਨਾ ਉਸਦੇ ਪੇਕੇ ਜਾਣ ਦੀ ਇਜਾਜਤ ਨਾ ਦਿੰਦਾ। ਉਸਦੇ ਸਾਥੀ ਉਸਨੂੰ ਕਹਿ ਦਿੰਦੇ ਸਨ ਕਿ ਮੁੱਲ ਦੀ ਤੀਵੀਂ ਦਾ ਕੋਈ ਵਿਸਾਹ ਨਹੀਂ ਹੁੰਦਾ।

"ਰੇਸ਼ਮਾ ਨੇ ਆਪਣੇ ਬਾਪ ਦੇ ਮਰਨੇ ਤੇ ਲੱਖ ਤਰਲੇ ਕੀਤੇ ਪਰ ਬਚਨੇ ਨੂੰ ਮਿਸਰੂ ਨੇ ਪੱਕਾ ਕੀਤਾ ਹੋਇਆ ਸੀ। "ਕੰਜਰ ਦਿਆ ਵੇਖੀ ਤੋਰਦੇਂ, ਮੁੱਲ ਦੀ ਐ।"4

"ਗਾਸੋ ਨੇ ਆਪਣੇ ਨਾਵਲਾਂ ਵਿੱਚ ਮਲਵਈ ਸਭਿਆਚਾਰ ਵਿਚ ਪ੍ਰਚਲਿਤ ਕਈ ਪ੍ਰਕਾਰ ਦੇ ਰਸਮ ਰਿਵਾਜਾਂ ਦਾ ਵੀ ਜ਼ਿਕਰ ਕੀਤਾ ਹੈ। ਇਹ ਰਸਮ-ਰਿਵਾਜ਼, ਜਨਮ, ਵਿਆਹ ਅਤੇ ਮਰਨ ਬਾਰੇ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਹਨ। ਇਹ ਰਸਮ ਰਿਵਾਜ ਇਸਤਰੀ ਦੇ ਗਰਭ ਧਾਰਨ ਤੋਂ ਲੈ ਕੇ ਸ਼ੁਰੂ ਹੁੰਦੇ ਹਨ ਅਤੇ ਉਸ ਤੋਂ ਵੀ ਬਾਅਦ ਉਸਦੇ ਫੁੱਲ ਤਾਰਨ, ਸ਼ਰਾਧ ਕਰਨ ਅਤੇ ਪਿੱਤਰਾਂ ਦੀ ਪੂਜਾ ਕਰਨ ਤੱਕ ਚੱਲਦੇ ਹਨ। ਗਾਸੋ ਨੇ ਇਹਨਾਂ ਸਾਰੀਆਂ ਰਸਮ ਰਿਵਾਜਾਂ ਨੂੰ ਆਪਣੇ ਨਾਵਲਾਂ ਵਿੱਚ ਪੇਸ਼ ਕੀਤਾ ਹੈ।"5

ਗਾਸੋ ਦੇ ਨਾਵਲਾਂ ਵਿੱਚ ਮਲਵਈ ਸਭਿਆਚਾਰ ਵਿਚ ਪ੍ਰਚਲਿਤ ਵਹਿਮਾਂ-ਭਰਮਾਂ, ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ ਤੇ ਲੋਕ ਵਿਸ਼ਵਾਸਾਂ ਦਾ ਵੀ ਜ਼ਿਕਰ ਕੀਤਾ ਹੈ। ਜਿਵੇਂ ਘਰੋਂ ਜਾਣ ਸਮੇਂ ਜੇਕਰ ਕੋਈ ਛਿੱਕ ਮਾਰ ਦੇਵੇ ਤਾਂ ਮਾੜਾ ਮੰਨਿਆਂ ਜਾਂਦਾ ਹੈ। ਇਸੇ ਤਰ੍ਹਾਂ ਬਿੱਲੀ ਦਾ ਰਾਹ ਕੱਟਣਾ ਤਿੱਤਰ ਦਾ ਬੋਲਣਾ, ਕੁੱਤੇ ਦਾ ਕੰਨ ਫੜਕਾਉਣਾ ਅਜਿਹੇ ਲੋਕ ਵਿਸ਼ਵਾਸ ਹਨ ਜਿਹਨਾਂ ਨੂੰ ਚੰਗੇ ਨਹੀਂ ਸਮਝਿਆ ਜਾਂਦਾ।

ਗਾਸੋ ਨੇ ਆਪਣੇ ਨਾਵਲਾਂ ਵਿਚ ਮਾਲਵੇ ਦੇ ਹਰ ਵਰਗ ਦੇ ਲੋਕਾਂ ਦਾ ਜ਼ਿਕਰ ਕੀਤਾ ਹੈ। ਜਿਵੇਂ ਕਿਸਾਨਾਂ, ਦੁਕਾਨਦਾਰਾਂ, ਇਸਤਰੀਆਂ ਅਤੇ ਅਮਲੀਆਂ ਆਦਿ ਦਾ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗਾਸੋ ਨੇ ਆਪਣੇ ਨਾਵਲਾਂ ਵਿੱਚ ਮਲਵਈ ਸਭਿਆਚਾਰ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ।

## ਹਵਾਲੇ :

1. ਓਮ ਪ੍ਰਕਾਸ਼ ਗਾਸੋ, ਸੁਪਨੇ ਤੇ ਸੰਸਕਾਰ, ਪੰਨਾ-9
2. ਉਹੀ, ਕੱਪੜਵਾਸ, ਪੰਨਾ-13
3. ਉਹੀ, ਆਸ ਅੱਥਰੂ, ਪੰਨਾ-23
4. ਉਹੀ, ਪੰਚਨਾਦ, ਪੰਨਾ-79
5. ਕੰਵਰਜੀਤ ਭੱਠਲ, ਕਲਾਕਾਰ ਵਿਸ਼ੇਸ਼ ਅੰਕ 21, ਪੰਨਾ-37